# ਸ਼ਿਕਾਇਤ ਕਿਵੇਂ ਕਰਨੀ ਹੈ

**ਤਾਂ ਫਿਰ ਮੈਂ ਪੀਪੀਓ ਨੂੰ ਸ਼ਿਕਾਇਤ ਕਿਵੇਂ ਕਰਾਂ?**

ਇਹਨਾਂ **ਤਿੰਨ ਆਸਾਨ ਕਦਮਾਂ** ਦੀ ਪਾਲਣਾ ਕਰੋ:

1. ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਪਹਿਲਾਂ ਇਮੀਗ੍ਰੇਸ਼ਨ ਰਿਮੂਵਲ ਸੈਂਟਰ ਦੀ ਸ਼ਿਕਾਇਤ ਪ੍ਰਕਿਰਿਆ ਪੂਰੀ ਕਰ ਲਈ ਹੈ।
2. ਸਾਨੂੰ ਇੱਕ ਸੰਖੇਪ ਨੋਟ ਵਿੱਚ ਦੱਸੋ ਕਿ ਤੁਹਾਡੀ ਸ਼ਿਕਾਇਤ ਕਿਸ ਬਾਰੇ ਹੈ, ਅਤੇ ਤੁਸੀਂ ਅਜੇ ਵੀ ਖੁਸ਼ ਕਿਉਂ ਨਹੀਂ ਹੋ।
3. ਆਪਣੀ ਸਾਰੀ ਕਾਗਜ਼ੀ ਕਾਰਵਾਈਆਂ ਦੀਆਂ ਕਾਪੀਆਂ ਸਾਨੂੰ ਭੇਜੋ - ਜਿਸ ਵਿੱਚ ਇਮੀਗ੍ਰੇਸ਼ਨ ਰਿਮੂਵਲ ਸੈਂਟਰ ਦੇ ਸਾਰੇ ਸ਼ਿਕਾਇਤ ਵਾਲੇ ਫਾਰਮ ਵੀ ਸ਼ਾਮਲ ਹੋਣ।

**ਅਸੀਂ ਇਸਦਾ ਕਈ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਹੈ। ਜੇਕਰ ਤੁਹਾਨੂੰ ਆਪਣੀ ਭਾਸ਼ਾ ਵਿੱਚ ਪਰਚਾ ਨਹੀਂ ਲੱਭਦਾ, ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।**

# ਤੁਸੀਂ ਆਪਣੀ ਸ਼ਿਕਾਇਤ ਕਿੱਥੇ ਭੇਜਣੀ ਹੈ

**ਮੈਂ ਆਪਣੇ ਸਾਰੇ ਕਾਗਜ਼ਾਤ ਕਿੱਥੇ ਭੇਜਾਂ?**

**ਆਪਣੀਆਂ ਸ਼ਿਕਾਇਤਾਂ ਸਬੰਧੀ ਸਾਰੀਆਂ ਕਾਗਜ਼ੀ ਕਾਰਵਾਈਆਂ ਦੀਆਂ ਕਾਪੀਆਂ ਇਸ ਪਤੇ 'ਤੇ ਭੇਜੋ:**


Prisons and Probation Ombudsman
Third Floor, 10 South Colonnade
Canary Wharf, London E14 4PU

ਜੇਲ੍ਹਾਂ ਅਤੇ ਪ੍ਰੋਬੇਸ਼ਨ ਦੇ ਲੋਕਪਾਲ ਨੂੰ ਤੁਹਾਡੇ ਦੁਆਰਾ ਭੇਜੇ ਜਾਣ ਵਾਲੇ ਪੱਤਰ **ਮੁਫਤ** ਹੁੰਦੇ ਹਨ। ਤੁਹਾਡੇ ਪੱਤਰਾਂ ਦੀ ਡਾਕ ਦਾ ਭੁਗਤਾਨ ਆਈਆਰਸੀ ਦੁਆਰਾ ਕੀਤਾ ਜਾਵੇਗਾ।

**ਯਾਦ ਰੱਖੋ**, ਸਾਨੂੰ ਅਸਲ ਦਸਤਾਵੇਜ਼ ਨਾ ਭੇਜੋ ਕਿਉਂਕਿ ਅਸੀਂ ਇਹਨਾਂ ਨੂੰ ਵਾਪਸ ਨਹੀਂ ਮੋੜ ਸਕਦੇ।

Prisons & Probation
Ombudsman
Independent Investigations

# ਜੇਲ੍ਹਾਂ ਅਤੇ ਪ੍ਰੋਬੇਸ਼ਨ ਦੇ ਲੋਕਪਾਲ (ਪੀਪੀਓ) ਨੂੰ ਸ਼ਿਕਾਇਤ ਕਿਵੇਂ ਕਰਨੀ ਹੈ



**ਕੀ ਤੁਸੀਂ ਸ਼ਿਕਾਇਤ ਕੀਤੀ ਹੈ ਅਤੇ ਕੀ ਤੁਸੀਂ ਅਜੇ ਵੀ ਖੁਸ਼ ਨਹੀਂ ਹੋ?**

ਸ਼ਾਇਦ ਤੁਹਾਨੂੰ ਜੇਲ੍ਹਾਂ ਅਤੇ ਪ੍ਰੋਬੇਸ਼ਨ ਦੇ ਲੋਕਪਾਲ ਨਾਲ ਗੱਲ ਕਰਨੀ ਚਾਹੀਦੀ ਹੈ।

Fixed_6.7451_PPO_Stg3-updates_Complaints_DL-lflt_IRC_v6_pan.indd 1-3 17/02/2022 11:01:57

# ਕੀ ਤੁਸੀਂ ਜਾਣਦੇ ਸੀ?

- ਹਰ ਸਾਲ, ਪੀਪੀਓ ਨੂੰ ਹਜ਼ਾਰਾਂ ਸ਼ਿਕਾਇਤਾਂ ਮਿਲਦੀਆਂ ਹਨ, ਜਿਨ੍ਹਾਂ ਵਿੱਚ **ਨਜ਼ਰਬੰਦ ਵਿਅਕਤੀਆਂ ਦੀਆਂ ਸ਼ਿਕਾਇਤਾਂ ਵੀ ਸ਼ਾਮਲ** ਹੁੰਦੀਆਂ ਹਨ ।
- ਇਹਨਾਂ ਸ਼ਿਕਾਇਤਾਂ ਦੇ ਜਵਾਬ ਵਿੱਚ, ਅਸੀਂ **ਇਮੀਗ੍ਰੇਸ਼ਨ ਰਿਮੂਵਲ ਕੇਂਦਰਾਂ** ਨੂੰ **ਸਲਾਹਾਂ** ਦਿੰਦੇ ਹਾਂ ਅਤੇ ਸਾਡੀਆਂ ਜਾਂਚਾਂ ਦੇ ਨਤੀਜਿਆਂ ਦਾ ਉਦੇਸ਼ ਦੇਸ਼ ਭਰ ਵਿੱਚ ਨਜ਼ਰਬੰਦ ਵਿਅਕਤੀਆਂ ਲਈ ਇਮੀਗ੍ਰੇਸ਼ਨ ਨਜ਼ਰਬੰਦੀ ਨੂੰ ਇੱਕ **ਨਿਰਪੱਖ, ਸੁਰੱਖਿਅਤ ਸਥਾਨ** ਬਣਾਉਣਾ ਹੈ।

**ਸਾਮਾਨ ਵਿੱਚੋਂ ਕੋਈ ਵਸਤੂ ਗੁਆਚ ਗਈ? ਸੋਚਦੇ ਹੋ ਕਿ ਤੁਹਾਡੇ ਨਾਲ ਨਜਾਇਜ਼ ਵਿਵਹਾਰ ਕੀਤਾ ਗਿਆ ਹੈ? ਪੀਪੀਓ ਨਾਲ ਸੰਪਰਕ ਕਰੋ।**

# ਪੀਪੀਓ ਦੀ ਸੱਚਾਈ

- ਅਸੀਂ ਹੋਮ ਆਫਿਸ ਜਾਂ ਇਮੀਗ੍ਰੇਸ਼ਨ ਇਨਫੋਰਸਮੈਂਟ ਲਈ ਕੰਮ ਨਹੀਂ ਕਰਦੇ ਹਾਂ। ਪੀਪੀਓ **ਪੂਰੀ ਤਰ੍ਹਾਂ ਸੁਤੰਤਰ** ਹੈ।
- ਸਾਹਨੂੰ ਆਏ ਤੁਹਾਡੇ ਪੱਤਰ **ਆਈਆਰਸੀ ਦੁਆਰਾ ਨਹੀਂ ਪੜ੍ਹੇ ਜਾਣਗੇ**, ਅਤੇ ਤੁਹਾਡੇ ਵਿਰੁੱਧ ਨਹੀਂ ਵਰਤੇ ਜਾਣਗੇ। ਸਾਨੂੰ ਸ਼ਿਕਾਇਤ ਭੇਜ ਕੇ ਤੁਸੀਂ ਕਿਸੀ ਮੁਸ਼ਕਲ ਵਿੱਚ ਨਹੀਂ ਪਵੋਂਗੇ।
- ਸਾਨੂੰ ਹਰ ਸਾਲ ਨਜ਼ਰਬੰਦ ਵਿਅਕਤੀਆਂ ਤੋਂ ਸ਼ਿਕਾਇਤਾਂ ਮਿਲਦੀਆਂ ਹਨ। **ਅਸੀਂ ਤੁਹਾਡੀ ਵੀ ਮਦਦ ਕਰ ਸਕਦੇ ਹਾਂ।**
- ਜੇਕਰ ਅਸੀਂ ਤੁਹਾਡੇ ਨਾਲ ਸਹਿਮਤ ਹੋਏ, ਤਾਂ ਹੋ ਸਕਦਾ ਹੈ ਕਿ ਤੁਹਾਡੇ ਕੋਲੋਂ **ਮਾਫੀ** ਮੰਗੀ ਜਾਵੇ; **ਤੁਹਾਡੇ ਹੋਏ ਨੁਕਸਾਨ ਨੂੰ ਭਰਿਆ ਜਾਵੇ; ਇੱਥੋਂ ਤੱਕ ਕਿ ਕੇਂਦਰ ਦੇ ਕੰਮ ਕਰਨ ਦੇ ਤਰੀਕੇ ਵਿੱਚ ਵੀ ਤਬਦੀਲੀ ਲਿਆਈ ਜਾਵੇ।**
- ਅਸੀਂ ਤੁਹਾਨੂੰ ਤੁਹਾਡੀ ਸ਼ਿਕਾਇਤ ਪ੍ਰਾਪਤ ਹੋਣ ਦੇ **10 ਦਿਨਾਂ ਦੇ ਅੰਦਰ-ਅੰਦਰ** ਦੱਸਾਂਗੇ ਕਿ ਅਸੀਂ ਇਸ ਬਾਰੇ ਜਾਂਚ ਕਰ ਸਕਦੇ ਹਾਂ ਜਾਂ ਨਹੀਂ।

# ਤੁਸੀਂ ਕਿਸ ਬਾਰੇ ਸ਼ਿਕਾਇਤ ਕਰ ਸਕਦੇ ਹੋ?

**ਠੀਕ ਹੈ, ਤਾਂ ਮੈਂ ਕਿਸ ਬਾਰੇ ਸ਼ਿਕਾਇਤ ਕਰ ਸਕਦਾ/ਸਕਦੀ ਹਾਂ?**

**ਤੁਸੀਂ ਪੀਪੀਓ ਨੂੰ ਹਰ ਤਰ੍ਹਾਂ ਦੇ ਮੁੱਦਿਆਂ ਬਾਰੇ ਸ਼ਿਕਾਇਤ ਕਰ ਸਕਦੇ ਹੋ - ਸਟਾਫ ਦੇ ਤੁਹਾਡੇ ਨਾਲ ਸਲੂਕ ਕਰਨ ਦੇ ਤਰੀਕੇ ਤੋਂ ਲੈ ਕੇ, ਤੁਹਾਡੀ ਗੁੰਮ ਹੋਈ ਕਿਸੇ ਵਸਤੂ ਜਾਂ ਇੱਥੋਂ ਤੱਕ ਕਿ ਜੇਲ੍ਹਾਂ, ਨਜ਼ਰਬੰਦੀ ਕੇਂਦਰਾਂ ਜਾਂ ਤੁਹਾਡੇ ਆਪਣੇ ਦੇਸ਼ ਵਿਚਕਾਰ ਦੀ ਆਵਾਜਾਈ ਬਾਰੇ ਵੀ।**

ਅਸੀਂ ਇਹਨਾਂ ਬਾਰੇ ਜਾਂਚ ਨਹੀਂ ਕਰ ਸਕਦੇ:

- ਇਮੀਗ੍ਰੇਸ਼ਨ ਦੇ ਮਾਮਲਿਆਂ ਬਾਰੇ ਸ਼ਿਕਾਇਤਾਂ ਜਾਂ ਫੈਸਲੇ।
- ਡਾਕਟਰੀ ਦੇਖਭਾਲ ਬਾਰੇ ਸ਼ਿਕਾਇਤਾਂ।
- ਇੱਕ ਆਮ ਨਿਯਮ ਦੇ ਤੌਰ 'ਤੇ, ਜੇਕਰ ਤੁਹਾਡੀ ਅਸਲ ਸ਼ਿਕਾਇਤ ਬਾਰੇ ਇਮੀਗ੍ਰੇਸ਼ਨ ਰਿਮੂਵਲ ਸੈਂਟਰ ਤੋਂ ਅੰਤਿਮ ਜਵਾਬ ਮਿਲਣ ਤੋਂ 3 ਮਹੀਨਿਆਂ ਤੋਂ ਵੱਧ ਸਮਾਂ ਲੰਘ ਚੁੱਕਿਆ ਹੈ।
- ਸ਼ਿਕਾਇਤ ਤੁਹਾਡੇ ਨਾਲ ਵਾਪਰੀ ਕਿਸੇ ਚੀਜ਼ ਬਾਰੇ ਹੋਣੀ ਚਾਹੀਦੀ ਹੈ, ਨਾ ਕਿ ਕਿਸੇ ਹੋਰ ਵਿਅਕਤੀ ਬਾਰੇ।
- ਜੇਕਰ ਤੁਸੀਂ ਉਸੇ ਮੁੱਦੇ 'ਤੇ ਕਾਨੂੰਨੀ ਮਾਮਲਾ ਦਰਜ ਕਰ ਰਹੇ ਹੋ ਜਾਂ ਕਰ ਲਿਆ ਹੈ।

Fixed_6.7451_PPO_Stg3-updates_Complaints_DL-lflt_IRC_v6_pan.indd 4-6 17/02/2022 11:01:57